ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 20 ਸਤੰਬਰ, 1998

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਆਪਣੇ ਆਪਣੇ ਫ਼ਿਕਰ

ਸਮਾਜਿਕ ਵਰਤਾਰੇ ਬਾਰੇ ਲੋਕਾਂ ਦੇ ਆਪਣੇ ਆਪਣੇ ਫ਼ਿਕਰ ਹਨ। ਉਸ ਮੁਤਾਬਿਕ ਹੀ ਉਹ ਆਪਣੀ ਭੂਮਿਕਾ ਨਿਭਾਉਂਦੇ ਹਨ। ਖੇਤਰ ਭਾਵੇਂ ਰਾਜਨੀਤੀ ਦਾ ਹੋਵੇ, ਸਿਧਾਂਤ ਦਾ ਹੋਵੇ, ਸਾਹਿਤ ਦਾ ਹੋਵੇ ਜਾਂ ਸਭਿਆਚਾਰਕ ਗਤੀਵਿਧੀਆਂ ਦਾ ਹੋਵੇ। ਪੰਜਾਬ ਦੀ ਗੱਲ ਕਰੀਏ ਤਾਂ ਦੋ ਫਿਕਰ ਸਪੱਸ਼ਟ ਰੂਪ ਵਿਚ ਸਾਡੇ ਸਾਹਮਣੇ ਹਨ : ਇਕ ਉਹ ਹਨ, ਜਿਹਨਾਂ ਦਾ ਫ਼ਿਕਰ ਹੈ ਕਿ ਸਿੱਖੀ ਵਰਤਾਰਾ ਕਿਸ ਤਰ੍ਹਾਂ ਚਲੇ ਅਤੇ ਸਿੱਖੀ ਸੋਚ ਦੀ ਸਮਾਜਕ ਦਿੱਖ ਕੀ ਹੋਵੇ ? ਦੂਜੇ ਉਹ ਹਨ, ਜਿਹੜੇ ਦੇਖਣਾ ਚਾਹੁੰਦੇ ਹਨ ਕਿ ਇਥੇ ਸਮਾਜਿਕ ਇਨਸਾਫ਼ ਦਾ ਵਰਤਾਰਾ ਕਿਸ ਤਰ੍ਹਾਂ ਹੋਂਦ ਵਿਚ ਆਏ ਅਤੇ ਇਕ ਬਰਾਬਰੀ ਵਾਲੇ ਸਮਾਜ ਵੱਲ ਕਿਸ ਤਰ੍ਹਾਂ ਵਧਿਆ ਜਾਏ ? ਹੋਰ ਸੋਚਾਂ ਵੀ ਕੰਮ ਕਰ ਰਹੀਆਂ ਹਨ. ਪਰ ਮੁੱਖ ਤੌਰ ਤੇ ਨਿਬੇੜਾ ਇਹਨਾਂ ਸੋਚਾਂ ਦੇ ਸੰਘਰਸ਼ ਨੇ ਹੀ ਕਰਨਾ ਹੈ।

ਸਿੱਖੀ ਸੋਚ ਵਾਲਿਆਂ ਦਾ ਫ਼ਿਕਰ ਹੈ ਕਿ ਖਾਲਸੇ ਦਾ ਤਿੰਨ ਸੌ ਸਾਲਾ ਉਤਸਵ ਇਸ ਤਰ੍ਹਾਂ ਸ਼ਾਨ ਨਾਲ ਮਨਾਇਆ ਜਾਏ ਕਿ ਦੁਨੀਆ ਜਾਣ ਜਾਏ ਕਿ ਸਿੱਖ ਧਰਮ ਕਿੰਨਾ ਅਜ਼ੀਮ ਹੈ। ਉਹਨਾਂ ਲਈ ਇਹ ਮੌਕਾ ਵੀ ਸੁਨਹਿਰਾ ਹੈ ਕਿਉਂਕਿ ਅਕਾਲੀ ਦਲ ਕੋਲ ਰਾਜ ਸੱਤਾ ਹੈ। ਉਹਨਾਂ ਨੇ ਕਰੋੜਾਂ ਦੇ ਪ੍ਰਾਜੈਕਟ ਬਣਾਏ ਹਨ। ਉਹਨਾਂ ਵਿਚ ਆਨੰਦਪੁਰ ਸਾਹਿਬ ਵਿਚ ਕਈ ਅਜੂਬੇ ਉਸਾਰਨੇ, ਮੀਨਾਰੇ ਖਾਲਸਾ ਖੜਾ ਕਰਨਾ, ਪੰਜ ਤਾਰਾ ਹੋਟਲ ਬਨਾਉਣੇ ਆਦਿ ਸ਼ਾਮਲ ਹਨ। ਸਿੱਖੀ ਸੋਚ ਵਾਲਾ ਸ਼ਬਦ ਮੈਂ ਤਾਂ ਵਰਤਿਆ ਹੈ ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਨੁਸਾਰ ਹੁਣ ਸਿੱਖ ਬੁੱਧੀਜੀਵੀ ਕੋਈ ਨਹੀਂ। ਉਹ ਕਥਿਤ ਬੁੱਧੀਜੀਵੀ ਹਨ ਜਾਂ "ਲੱਲੀ ਛੱਲੀ" ਹਨ। ਸਿੱਖ ਬੁੱਧੀਜੀਵੀ ਹੁੰਦੇ ਸਨ, ਭਾਈ ਸਾਹਿਬ ਭਾਈ ਵੀਰ ਸਿੰਘ, ਨਾਭੇ ਵਾਲੇ ਭਾਈ ਕਾਨ੍ਹ ਸਿੰਘ ਜਾਂ ਡਾ. ਸਾਹਬ ਸਿੰਘ 'ਹੁਣ ਵਾਲੇ ਸਿੱਖ ਵਿਦਵਾਨ ਜਿਹਨਾਂ ਵਿਚ ਡਾ. ਦਰਸ਼ਨ ਸਿੰਘ ਵਰਗੇ ਸ਼ਾਮਲ ਹਨ ਉਹ "ਲੱਲੀ ਛੱਲੀ" ਹੀ ਹਨ। ਸਿੱਖੀ ਸੋਚ ਵਾਲਿਆਂ ਦਾ ਵਿਚਾਰ ਹੈ ਕਿ ਸਿੱਖੀ ਨੂੰ ਢਾਹ ਇਸ ਕਰਕੇ ਲੱਗ ਰਹੀ ਹੈ ਕਿਉਂਕਿ ਨਵੀਂ ਪੀੜ੍ਹੀ ਨੂੰ ਗੁਰਬਾਣੀ ਦੀ' ਸਿੱਖ ਫਲਸਫੇ ਦੀ ਜਾਣਕਾਰੀ ਨਹੀਂ। ਸੋ ਤਿੰਨ ਸੌ ਸਾਲਾ ਉਤਸਵ ਦੇ ਸਿਲਸਿਲੇ ਵਿਚ ਹਰ ਇਕ ਸਿੱਖ ਨੂੰ ਅੰਮ੍ਰਿਤਧਾਰੀ ਬਣਾਉਣਾ ਹੈ। ਉਹਨਾਂ ਦਾ ਇਹ ਫਿਕਰ ਹੈ ਕਿ ਕਿਸ ਤਰ੍ਹਾਂ ਸਮਾਜ ਨੂੰ ਸਿੱਖੀ ਲੀਹਾਂ ਤੇ ਲਿਆਂਦਾ ਜਾਏ। ਇਸ ਤੋਂ ਵੱਖ ਜਿਹੜੇ ਦੂਜੀ ਸੋਚ ਵਾਲੇ ਹਨ, ਉਨ੍ਹਾਂ ਦਾ ਯਕੀਨ ਹੈ ਕਿ ਅੱਜ ਇਕ ਨਿਆਂ ਵਾਲਾ ਸਮਾਜ ਜਿਸ ਵਿਚ ਹਰ ਇਕ ਨੂੰ ਅੱਗੇ ਵੱਧਣ ਦੇ ਬਰਾਬਰ ਦੇ ਮੌਕੇ ਮੁਹੱਈਆ ਹੋਣ, ਉਹ ਸਿੱਖੀ ਸੋਚ ਵਿਚ ਸੀਮਤ ਰਹਿ ਕੇ ਨਹੀਂ ਬਣ ਸਕਦਾ। ਜਿਥੇ ਇਹ ਸਚਾਈ ਨੂੰ ਯਾਦ ਕਰਨਾ ਜ਼ਰੂਰੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮਲਕ ਭਾਗੋ ਦੇ ਮਾਣ ਪੂੜੇ ਨੂੰ ਰੱਦ ਕੀਤਾ ਸੀ ਅਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਅਪਣਾਇਆ ਸੀ, ਉਥੇ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਅੱਜ ਦੇ ਸਮਾਜ ਵਿਚ ਕਿਉਂ ਹਰ ਪਾਸੇ ਮਲਕ ਭਾਗੋ ਹਾਵੀ ਹਨ ? ਲੰਗਰ, ਪੰਗਤ ਵਿਚ ਬੈਠ ਕੇ ਹੀ ਖਾਣਾ ਚਾਹੀਦਾ ਹੈ, ਕਿਉਂਕਿ ਇਹਦੇ ਨਾਲ ਬਰਾਬਰੀ ਦਾ ਅਹਿਸਾਸ ਹੁੰਦਾ ਹੈ, ਪਰ ਇਹ ਵੀ ਸਚਾਈ ਹੈ ਕਿ ਸੰਤ ਲੌਂਗੋਵਾਲ ਦੇ ਸਮਾਗਮ ਵਿਚ ਵੱਡੇ ਲੋਕਾਂ ਨੇ ਲੰਗਰ ਵੱਖਰਾ ਇਕ ਸ਼ਮਿਆਨੇ ਥੱਲੇ ਸੋਫਿਆਂ ਤੇ ਬੈਠ ਕੇ ਖਾਧਾ ਸੀ। ਇਹ ਇਸੇ ਲਈ ਖਾਧਾ ਸੀ ਕਿਉਂਕਿ ਇਹ ਨਾ ਬਰਾਬਰੀ ਦਾ ਸਮਾਜ ਹੈ ਅਤੇ ਇਹ ਸਮਾਜ ਤਾਂ ਹੀ ਬਦਲਿਆ ਜਾ ਸਕਦਾ ਹੈ ਜੇ ਰਾਜਨੀਤੀ ਨੂੰ ਸਮਝਦਿਆਂ ਹੋਇਆਂ ਆਰਥਿਕ ਬਰਾਬਰੀ ਵਾਲੇ ਸਮਾਜ ਵਿਚ ਬਦਲਿਆ ਜਾਏ। ਇਹ ਸਿੱਖੀ ਸੋਚ ਵਿਚ ਸੀਮਤ ਰਹਿ ਕੇ ਨਹੀਂ ਸਮਝਿਆ ਜਾ ਸਕਦਾ। ਇਹ ਸਮਝਣਾ ਪਵੇਗਾ ਕਿ ਰੂਸ ਵਿਚ ਸਮਾਜਵਾਦ ਦਾ ਤਜਰਬਾ ਕਿਉਂ ਫੇਲ੍ਹ ਹੋਇਆ ਅਤੇ ਸਬਕ ਲੈ ਕੇ ਸਮਾਜਵਾਦ ਵੱਲ ਕਿਸ ਤਰ੍ਹਾਂ ਵੱਧਣਾ ਹੈ। ਸਮਾਜਵਾਦ ਵੱਲ ਵੱਧਣਾ ਜ਼ਰੂਰੀ ਹੈ ਕਿਉਂਕਿ ਬਰਾਬਰੀ ਹੀ ਅੱਜ ਦੇ ਮਨੁੱਖ ਦਾ ਆਦਰਸ਼ ਹੈ। ਸਿੱਖੀ ਸੋਚ ਵਿਚ ਬਹੁਤ ਕੁਝ ਹੈ, ਪਰ ਅੱਜ ਦੇ ਯੁੱਗ ਲਈ ਉਸ ਵਿਚ ਸਭ ਕੁਝ ਨਹੀਂ। ਉਸਤੋਂ ਬਾਹਰ ਸੋਚਣਾ ਜ਼ਰੂਰੀ ਹੈ।

ਪੰਜਾਬ ਵਿਚ ਸਿੱਖ ਸੋਚ ਵਾਲੇ ਰਾਜ ਕਰ ਰਹੇ ਹਨ। ਇਹ ਹੁਣ ਸਾਫ ਹੈ ਕਿ ਉਹਨਾਂ ਕੋਲ ਪੰਜਾਬ ਦੇ ਬਹੁਤੇ ਮਸਲਿਆਂ ਦਾ ਕੋਈ ਹੱਲ ਨਹੀਂ। ਇਸ ਕਰਕੇ ਉਹ ਬੇਥਵੀਆਂ ਮਾਰਕੇ ਵੇਲਾ ਟਾਲਣਾ ਚਾਹੁੰਦੇ ਹਨ। ਸ. ਗੁਰਦੇਵ ਸਿੰਘ ਬਾਦਲ ਦਾ ਧਿਆਨ ਜਦੋਂ ਗੰਢਿਆਂ ਤੇ ਸਬਜ਼ੀਆਂ ਦੀ ਮਹਿੰਗਾਈ ਵੱਲ ਦਵਾਇਆ ਗਿਆ ਤਾਂ ਉਹਨਾਂ ਦਾ ਜਵਾਬ ਸੀ ਕਿ ਘਰਾਂ ਉਤੇ ਤੋਰੀਆਂ ਦੀਆਂ ਵੇਲਾ ਚੜ੍ਹਾਓ, ਘਰਾਂ ਵਿਚ ਪਿਆਜ ਲਗਾਓ। ਆਪੇ ਮਸਲਾ ਹੱਲ ਹੋ ਜਾਏਗਾ। ਯਾਨੀ ਰੋਟੀ ਨਹੀਂ ਮਿਲਦੀ ਤਾਂ ਬਿਸਕੁਟ ਖਾਓ। ਪ੍ਰਕਾਸ਼ ਸਿੰਘ ਬਾਦਲ ਦਾ ਖਿਆਲ ਹੈ ਕਿ ਪੰਜਾਬ ਦੀ ਕਿਸਾਨੀ ਦਾ ਸੰਕਟ ਹੱਲ ਹੋ ਸਕਦਾ ਹੈ ਜੇ ਪੰਜਾਬ ਦੇ ਕਿਸਾਨ ਬਦੇਸ਼ਾਂ ਵਿਚ ਜਾ ਕੇ ਦੇਖ ਕੇ ਆਉਣ ਕਿ ਖੇਤੀ ਕਿਸ ਤਰ੍ਹਾਂ ਕਰੀਦੀ ਹੈ ? ਉਹ ਇਹ ਕਹਿਣ ਤੋਂ ਪਹਿਲਾਂ ਸੁਰਜੀਤ ਸਿੰਘ ਬਰਨਾਲਾ ਕੋਲੋਂ ਹੀ ਪੁੱਛ ਲੈਂਦੇ ਕਿ ਹਿੰਦੋਸਤਾਨ ਜਾਂ ਪੰਜਾਬ ਦੇ ਕਿਸਾਨ ਕਿਉਂ ਸੰਕਟ ਵਿਚ ਹਨ ? ਉਹ ਸੰਕਟ ਵਿਚ ਇਸ ਕਰਕੇ ਹਨ ਕਿਉਂਕਿ ਇਹ ਸਾਂਝਾ ਮੰਡੀ ਦਾ ਸਿਸਟਮ ਹੈ। ਇਥੇ ਮਿਹਨਤਕਸ਼ ਨੇ ਲੁੱਟਿਆ ਹੀ ਲੁੱਟਿਆ ਜਾਣਾ ਹੈ। ਭਾਵੇਂ ਖੇਤੀ ਦੇਸੀ ਤਰੀਕੇ ਨਾਲ ਕੀਤੀ ਜਾਵੇ ਜਾਂ ਬਦੇਸ਼ੀ ਤਰੀਕੇ ਨਾਲ ਕੀਤੀ ਜਾਵੇ। ਸੋਚ ਹੀ ਅੱਗੋਂ ਐਕਸ਼ਨ ਉਲੀਕਦੀ ਹੈ। ਸਿੱਖੀ ਸੋਚ ਵਾਲਿਆਂ ਨੇ ਖਾਲਸਾ ਮਾਰਚ ਉਲੀਕਣੇ ਹਨ। ਇਹ ਖਾਲਸਾ ਮਾਰਚ ਕਦੀ ਦਮਦਮਾ ਸਾਹਿਬ ਤੋਂ ਅਨੰਦਪੁਰ ਸਾਹਿਬ ਹੋਵੇਗਾ ਤੇ ਕਦੀ ਪਾਉਂਟਾ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਤੱਕ। ਪਰ ਪੰਜਾਬ ਦੀ ਗ਼ਰੀਬ ਤੇ ਮਿਹਨਤਕਸ਼ ਲੋਕਾਈ ਨੇ ਵੇਖਣਾ ਹੈ ਕਿ ਇਹ ਮਾਰਚ ਉਹਨਾਂ ਦੇ ਕਿਸੇ ਮਸਲੇ ਦਾ ਹੱਲ ਨਹੀਂ। ਸੋ ਜਿਸ ਧਿਰ ਦਾ ਇਹ ਫਿਕਰ ਹੈ ਕਿ ਇਥੇ ਨਿਆਂ ਵਾਲਾ ਸਮਾਜ ਬਣੇ ਅਤੇ ਪੈਸੇ ਦੀ ਜਕੜ ਖ਼ਤਮ ਹੋਵੇ, ਉਹਨਾਂ ਨੇ ਇਹ ਗੱਲ ਸਪੱਸ਼ਟ ਤੌਰ 'ਤੇ ਲੋਕਾਈ ਨੂੰ ਸਮਝਾਉਣੀ ਹੈ। ਧਰਮ ਦੇ ਨਾਂ ਤੇ ਚਲਦੇ ਬਹੁਤ ਸਾਰੇ ਵਰਤਾਰੇ ਦੀ ਵਿਰੋਧਤਾ ਜ਼ਰੂਰੀ ਹੈ, ਕਿਉਂਕਿ ਇਹ ਗਰੀਬ ਦੁਸ਼ਮਣ ਵਰਤਾਰਾ ਹੋ ਨਿਬੜਦਾ ਹੈ। ਧਰਮ ਅਤੇ ਕਥਿਤ ਧਾਰਮਿਕ ਵਰਤਾਰੇ ਵਿਚ ਨਿਖੇੜਾ ਕਰਨਾ ਜ਼ਰੂਰੀ ਹੈ।